# ਵਿਦਿਆਰਥੀ ਸਹਾਇਤਾ ਫੰਡ ਵੰਡ ਸਮਾਗਮ ਦਾ ਆਯੋਜਨ

ਐਸ ਏ ਐਸ ਨਗਰ, 15 ਦਸੰਬਰ (ਸ.ਬ.) ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ, ਸਰਕਾਰੀ ਕਾਲਜ ਐਸ ਏ ਐਸ ਨਗਰ ਵਿਖੇ ਕਾਲਜ ਪ੍ਰਿੰਸੀਪਲ, ਸ੍ਰੀਮਤੀ ਹਰਜੀਤ ਗੁਜਰਾਲ ਅਤੇ ਸਟਾਫ ਵਲੋਂ ਵਿਦਿਆਰਥੀ ਸਹਾਇਤਾ ਫੰਡ ਵੰਡ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਸ੍ਰ. ਸੁਖਦੇਵ ਸਿੰਘ ਪਟਵਾਰੀ, ਕਾਲਜ ਦੇ ਪੁਰਾਣੇ ਪ੍ਰਿੰਸੀਪਲ ਡਾ. ਜਸਵਿੰਦਰ ਸਿੰਘ ਅਤੇ ਸੇਵਾ ਮੁਕਤ ਪ੍ਰੋਫੈਸਰ ਡਾ. ਜਗਤਾਰ ਸਿੰਘ ਨੇ ਇਸ ਫੰਡ ਨੂੰ ਵੰਡਿਆ।

ਇਸ ਮੌਕੇ ਪ੍ਰੋ. ਤੇਜਿੰਦਰ ਕੌਰ ਨੇ ਦੱਸਿਆ ਕਿ ਕੁੱਲ 16 ਵਿਦਿਆਰਥੀਆਂ ਨੂੰ ਇਹ ਸਹਾਇਤਾ ਦਿੱਤੀ ਗਈ, ਜਿਸ ਦਾ ਮਕਸਤ ਅਕਾਦਮਿਕ ਕੈਰੀਅਰ ਵਿਚ ਅੱਵਲ ਇਹ ਵਿਦਿਆਰਥੀ ਆਪਣੇ ਕੈਰੀਅਰ ਨੂੰ ਹੋਰ ਬਿਹਤਰ ਬਣਾ ਸਕਣ, ਇਸ ਸਹਾਇਤਾ ਨਾਲ ਹੋਰ ਕਿਤਾਬਾਂ ਆਦਿ ਖਰੀਦ ਸਕਣ।

ਇਸ ਸਮੇਂ ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋ. ਸੁਨੀਤਾ ਮਿੱਤਲ, ਪ੍ਰੋ. ਅਰਵਿੰਦ ਕੌਰ, ਡਾ. ਜਸਪਾਲ ਸਿੰਘ, ਪ੍ਰੋ. ਘਣਸ਼ਾਮ ਸਿੰਘ ਅਤੇ ਪ੍ਰੋ. ਰਸ਼ਮੀ ਪ੍ਰਭਾਕਰ ਹਾਜ਼ਰ ਸਨ।



On 14 th December 2022,
16 meritorious students of the SMHS Government College , Mohali were awarded scholarships out of the Student Aid Fund.
The function was attended by Sh Sukhdev Singh Patwari and retired Principal Dr Jaswinder Singh and retired Prof Dr Jagtar Singh.Principal Mrs Harjeet Gujral blessed the students and hoped that these funds would promote their studies.

11:25 AM